**ਵਿਸ਼ਾ: ਪੀਆਰਟੀਸੀ ਵਿੱਚ 105 (ਜਿਹਨਾਂ ਦੀ ਗਿਣਤੀ ਵਧਾਕੇ 254 ਕੀਤੀ ਜਾ ਸਕਦੀ ਹੈ) ਨਵੀਆਂ ਬੱਸਾਂ ਕਿਲੋਮੀਟਰ ਸਕੀਮ ਅਧੀਨ ਲਗਾਏ ਗਏ E-Tender ਸਬੰਧੀ ਮਿਤੀ 23/10/2025 ਨੂੰ ਕੀਤੀ ਗਈ Pre-bid meeting ਅਤੇ ਇਸ ਟੈਂਡਰ ਸਬੰਧੀ ਮਿਤੀ 28/10/2025 ਤੱਕ ਪ੍ਰਾਪਤ ਹੋਈ ਸੁਝਾਅ/queries ਦੀ ਕਾਰਵਾਈ ਰਿਪੋਰਟ।**

| ਲੜੀ ਨੰ: | ਮੁੱਦਾ/ਮੰਗ | ਕਮੇਟੀ ਦਾ ਜਵਾਬ |
|---|---|---|
| 1 | ਬੱਸਾਂ ਵਿੱਚ VTS ਦੀ ਰਿਪੋਰਟ ਅਨੁਸਾਰ ਜਦੋਂ ਅਸੀ ਆਪਣੀ ਬੱਸ ਨੂੰ ਵਰਕਸ਼ਾਪ ਲੈ ਕੇ ਜਾਂਦੇ ਹਾਂ ਤਾਂ ਸਾਨੂੰ ਜੁਰਮਾਨਾ ਪੈਂਦਾ ਹੈ ਇਸ ਨੂੰ ਬੰਦ ਕੀਤਾ ਜਾਵੇ। | ਇਸ ਸਬੰਧੀ ਕਮੇਟੀ ਵੱਲੋਂ ਹਾਜਰ ਵਿਅਕਤੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹ ਮੰਗ ਟੈਂਡਰ ਦੇ RFP ਡਾਕੂਮੈਂਟ ਨਾਲ ਸਬੰਧਤ ਨਹੀਂ ਹੈ ਅਤੇ ਇਹ ਇੱਕ operational ਵਿਸ਼ਾ ਹੈ।ਇਸ ਲਈ ਇਸ ਸਬੰਧੀ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਵਿੱਚ ਕਿਸੇ ਤਰਾਂ ਦੀ ਸੋਧ ਨਹੀਂ ਕਰਨੀ ਬਣਦੀ। |
| 2 | ਸਾਨੂੰ ਬੱਸਾਂ ਵਿੱਚ ਡੀਜ਼ਲ 4.80/ 5.00 ਦੀ ਐਵਰੇਜ ਦੇ ਅਨੁਸਾਰ ਡੀਜ਼ਲ ਮਿਲਦਾ ਹੈ।ਜੇਕਰ ਸਾਡੀ ਬੱਸ ਵਿੱਚ ਡੀਜ਼ਲ ਘੱਟ ਪੈਂਦਾ ਹੈ ਤਾ ਸਾਨੂੰ ਪੇਮੈਂਟ ਕੀਤੀ ਜਾਵੇ ਇਸ ਨਾਲ ਡੀਜ਼ਲ ਦੀ ਚੋਰੀ ਬੰਦ ਹੋਵੇਗੀ। | ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਬੱਸਾਂ ਨੂੰ ਡੀਜ਼ਲ ਜਾਰੀ ਕਰਨ ਸਬੰਧੀ ਮੱਦ ਪਹਿਲਾਂ ਹੀ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਵਿੱਚ ਦਰਜ ਹੈ ਸੋ ਇਸ ਵਿੱਚ ਕਿਸੇ ਤਰਾਂ ਦਾ ਬਦਲਾਵ/ਸੋਧ ਨਹੀਂ ਕੀਤੀ ਜਾ ਸਕਦੀ। |
| 3 | ਮਿਥੇ ਕਿਲੋਮੀਟਰਾਂ ਅਨੁਸਾਰ 20% ਦੀ ਕਟੌਤੀ ਘਟਾਕੇ 10 ਅਤੇ 15% ਕੀਤੀ ਜਾਵੇ ਕਿਉਂਕਿ ਹੋਰ ਸਟੇਟਾਂ ਉਤਰਾਖੰਡ ਅਤੇ ਰਾਜਸਥਾਨ ਵਿੱਚ ਵੀ ਕਟੌਤੀ 10 ਅਤੇ 15% ਹੈ। | ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਸ ਸੁਝਾਅ ਅਨੁਸਾਰ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਵਿੱਚ ਕਿਸੇ ਤਰਾਂ ਦੀ ਸੋਧ ਨਹੀਂ ਕੀਤੀ ਜਾ ਸਕਦੀ। |
| 4 | ਸਾਡੀਆਂ ਬੱਸਾਂ ਦਾ ਐਸਕਰੋ ਅਕਾਉਂਟ ਖੋਲਿਆ ਜਾਵੇ ਜਿਸ ਕਾਰਨ ਸਾਨੂੰ ਬੈਂਕ ਲੋਨ ਲੈਣ ਵਿੱਚ ਸੋਖ ਮਿਲੇਗੀ | ਇਸ ਸੁਝਾਅ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਸ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਵਿੱਚ ਕਿਸੇ ਤਰਾਂ ਦੀ ਸੋਧ ਨਹੀਂ ਕੀਤੀ ਜਾ ਸਕਦੀ। |
| 5 | ਅਸੀਂ ਪੀਆਰਟੀਸੀ ਦੇ ਕਮਾਊ ਪੁੱਤ ਹਾਂ ਜੀ ਸਾਡੀ ਪੇਮੈਂਟ ਰੈਗੂਲਰ ਕੀਤੀ ਜਾਵੇ। | ਇਸ ਸਬੰਧੀ ਕਮੇਟੀ ਵੱਲੋਂ ਮੀਟਿੰਗ ਵਿੱਚ ਮੌਜੂਦ ਵਿਅਕਤੀਆਂ ਨੂੰ ਵਿਸ਼ਵਾਸ਼ ਦਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਕਿਲੋਮੀਟਰ ਸਕੀਮ ਬੱਸਾਂ ਨੂੰ ਕੀਤੀਆਂ ਜਾਣ ਵਾਲੀਆਂ ਅਦਾਇਗੀ ਸਮੇਂ ਸਿਰ ਕਰਨ ਦੇ ਬਣਦੇ ਉਪਰਾਲੇ ਕੀਤੇ ਜਾਣਗੇ। |
| 6 | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇੱਕ ਪਰਮਿਟ ਇੱਕ ਬੱਸ ਹੈ।ਹਦਾਇਤਾਂ ਅਨੁਸਾਰ ਸਾਡੀ ਸਾਨੂੰ 1 ਪਰਮਿਟ ਅਲਾਟ 6 ਸਾਲਾ ਲਈ ਪੱਕਾ ਹੀ ਅਲਾਟ ਕੀਤਾ ਜਾਵੇ।ਇਸ ਨਾਲ ਸਾਡੇ ਇੰਸੋਰੈਂਸ਼ ਕਲੇਮ ਵਿੱਚ ਕੋਈ ਦਿੱਕਤ ਨਹੀਂ ਆਵੇਗੀ। | ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ/RFP ਡਾਕੂਮੈਂਟ ਦੀ ਮੱਦ 28 ਅਨੁਸਾਰ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਦਿੱਤੇ ਗਏ ਸੁਝਾਅ ਮੁਤਾਬਿਕ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਵਿੱਚ ਕਿਸੇ ਤਰਾਂ ਦੀ ਸੋਧ ਨਹੀਂ ਕੀਤੀ ਜਾ ਸਕਦੀ। |

| | | |
|---|---|---|
| 7 | ਸਾਨੂੰ ਸਾਡੀਆਂ ਬੱਸਾਂ ਦਾ MVT tax RTO ਤੋਂ ਅਪਡੇਟ ਕਰਾਕੇ ਦਿੱਤਾ ਜਾਵੇ ਜਿਸ ਨਾਲ ਸਾਨੂੰ ਬੱਸ ਪਾਸ ਕਰਵਾਉਣ ਅਤੇ ਹੋਰ ਕੰਮ ਵਿੱਚ ਅਸਾਨੀ ਹੋਵੇਗੀ। | ਇਸ ਮੰਗ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਸ ਸਬੰਧੀ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਤੇ ਰੂਲਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ। |
| 8 | ਟੈਂਡਰਾਂ ਦੀ ਟਰਮ ਅਤੇ ਕੰਡੀਸ਼ਨ ਅਨੁਸਾਰ ਰੇਟ L1, L2, L3, L4 ਵਿੱਚ ਲੈ ਕੇ ਲੋੜ ਅਨੁਸਾਰ ਬੱਸਾਂ ਪੂਰੀਆਂ ਕੀਤੀਆਂ ਜਾਣ। | ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਟੈਂਡਰ ਡਾਕੂਮੈਂਟ ਵਿੱਚ ਲੋੜੀਦੀ ਮੱਦ ਦਰਜ ਹੈ।ਪੀਆਰਟੀਸੀ ਵਿੱਚ ਬੱਸਾਂ ਦੀ ਲੋੜ ਅਤੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਅਨੁਸਾਰ ਇਸ ਸਬੰਧੀ ਕਾਰਵਾਈ ਕੀਤੀ ਜਾਵੇਗੀ। |

ਇਸ ਤੋਂ ਇਲਾਵਾ VE Commercial Vehicle Ltd. ਕੰਪਨੀ ਵੱਲੋਂ ਈ.ਮੇਲ/hard copy ਪ੍ਰਾਪਤ ਹੋਈ ਹੈ ਜਿਸ ਵਿੱਚ ਕੰਪਨੀ ਵੱਲੋਂ 4 cylinder engine ਵਾਲੀ HVAC/ਸਧਾਰਨ ਬੱਸ ਨੂੰ ਇਸ ਟੈਂਡਰ ਵਿੱਚ consider ਕਰਨ ਲਈ ਲਿਖਿਆ ਗਿਆ ਹੈ।ਇਸ ਸਬੰਧੀ ਕਮੇਟੀ ਵੱਲੋਂ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੰਜਾਬ ਰੋਡਵੇਜ਼, ਪਨਬੱਸ ਅਤੇ ਪੀਆਰਟੀਸੀ ਵਿੱਚ ਨਵੀਆਂ ਸਧਾਰਨ ਬੱਸਾਂ ਦੀ ਖਰੀਦ ਕਰਨ ਲਈ ਇਹਨਾਂ ਬੱਸਾਂ ਦੀ ਤਕਨੀਕੀ ਸਪੈਸ਼ੀਫਿਕੇਸ਼ਨਾਂ ਨਿਰਧਾਰਿਤ ਆਦਿ ਕਰਨ ਸਬੰਧੀ ਕਾਰਵਾਈ ਕਰਨ ਲਈ ਮਾਨਯੋਗ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ ਪੰਜਾਬ ਵੱਲੋਂ ਹੁਕਮ 614 ਮਿਤੀ 06/06/2025 ਰਾਂਹੀ ਕਮੇਟੀ ਗਠਿਤ ਕੀਤੀ ਗਈ ਸੀ।ਇਸ ਕਮੇਟੀ ਵੱਲੋਂ ਵੱਖ ਵੱਖ ਸਮਿਆਂ ਤੇ ਕੀਤੀਆਂ ਗਈਆਂ ਮੀਟਿੰਗਾਂ ਵਿੱਚ ਕੀਤੇ ਗਏ ਵਿਚਾਰ ਵਟਾਂਦਰੇ ਅਨੁਸਾਰ ਸਧਾਰਨ ਬੱਸਾਂ ਦੀਆਂ ਤਕਨੀਕੀ ਸਪੈਸ਼ੀਫਿਕੇਸ਼ਨਾਂ ਵਿੱਚ 6 cylinder ਬੱਸ ਲੈਣ ਸਬੰਧੀ ਸਹਿਮਤੀ ਹੋਈ ਸੀ ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਪੀਆਰਟੀਸੀ ਵੱਲੋਂ ਇਸ ਸਮੇਂ ਲਗਾਏ ਗਏ E-Tender ਵਿੱਚ Minimum 180 HP In line Six cylinder meeting with BS-VI emission norms ਦੀਆਂ ਬੱਸਾਂ ਦੀ ਮੰਗ ਕੀਤੀ ਗਈ ਹੈ ਅਤੇ ਇਸ ਦੀ ਪ੍ਰਵਾਨਗੀ ਸਰਕਾਰ ਪੱਤਰ ਤੇ ਸਤਿਕਾਰਯੋਗ ਟਰਾਂਸਪੋਰਟ ਮੰਤਰੀ ਜੀ ਵੱਲੋਂ ਦਿੱਤੀ ਗਈ ਸੀ।ਇਸ ਤੋਂ ਇਲਾਵਾ ਕੰਪਨੀ ਵੱਲੋਂ ਪ੍ਰਾਪਤ ਮੰਗ ਪੱਤਰ ਵਿੱਚ ਜੋ ਉਦਹਾਰਣ ਦਿੱਤਾ ਗਿਆ ਹੈ ਉਹ HVAC ਬੱਸ ਦਾ ਦਿੱਤਾ ਗਿਆ ਹੈ।ਇਸ ਦੇ ਨਾਲ ਹੀ ਜਿਥੋਂ ਤੱਕ ਕੰਪਨੀ ਵੱਲੋਂ ਲਿਖਿਆ ਗਿਆ ਹੈ ਕਿ "Neither are the BS6 engines of Ashok Leyland & Tata models are tested with in the PRTC" ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਪੀਆਰਟੀਸੀ ਦੇ ਫਲੀਟ ਵਿੱਚ ਪਿੱਛਲੇ ਸਮੇਂ ਜੋ ਸਧਾਰਨ ਬੱਸਾਂ ਕਿਲੋਮੀਟਰ ਸਕੀਮ ਅਧੀਨ ਹਾਇਰ ਕੀਤੀਆਂ ਗਈਆਂ ਹਨ ਉਹ BS6 ਮਾਡਲ ਦੀਆਂ ਹਾਇਰ ਕੀਤੀਆਂ ਗਈਆਂ ਸਨ ਜਿਹਨਾਂ ਵਿੱਚ Ashok Leyland & Tata ਕੰਪਨੀਆਂ ਦੀਆਂ ਬੱਸਾ ਸ਼ਾਮਿਲ ਹਨ।ਇਸ ਲਈ ਕੰਪਨੀ ਵੱਲੋਂ ਪ੍ਰਾਪਤ ਹੋਈ ਮੰਗ ਸਬੰਧੀ ਇਸ E-Tender ਵਿੱਚ ਸੋਧ ਨਹੀਂ ਕੀਤੀ ਜਾ ਸਕਦੀ।